# Sharing songs & rhymes

**Babies love songs and rhymes, especially hearing the sound of your voice. And they're a great way to help your child's talking and listening skills.**

- Your voice is your baby's favourite music so sing to her, even if you don't think you sound great. Your baby won't judge you.
- Turn off the TV or radio so your child can hear your voice.
- You don't have to sing 'baby' songs – it can be the latest chart music. If you like the song, your baby will enjoy it too.
- Don't worry if you don't know any nursery rhymes. Sing the songs you do know and visit the library to borrow rhyming books or tapes.
- Look at your baby as you sing or chant and see how he reacts to different parts of the rhyme. Can you see his fingers wriggle?
- Young children learn best through play, so make songs and rhymes fun. Change the sound of your voice, make up some actions, or add your child's name or the names of family and friends.
- When your baby is tired or upset try singing a favourite song, slowly and quietly, to comfort her.
- When your baby or toddler joins in, show that you've noticed by giving lots of encouragement.
- Even if your toddler is just beginning to talk, listen to his reaction to the song or rhyme.



# ਮਿਲ ਕੇ ਗੀਤ ਅਤੇ ਕਵਿਤਾਵਾਂ ਬੋਲਣੀਆਂ

**ਛੋਟੇ ਬੱਚੇ ਗੀਤ ਅਤੇ ਕਵਿਤਾਵਾਂ ਪਸੰਦ ਕਰਦੇ ਹਨ, ਉਹ ਖ਼ਾਸ ਕਰਕੇ ਤੁਹਾਡੀ ਅਵਾਜ਼ ਸੁਣਨਾ ਪਸੰਦ ਕਰਦੇ ਹਨ। ਅਤੇ ਇਹ ਤੁਹਾਡੇ ਬੱਚੇ ਦੇ ਬੋਲਣ ਅਤੇ ਸੁਣਨ ਦੇ ਹੁਨਰ ਵਿਕਸਿਤ ਕਰਨ ਵਿਚ ਮਦਦ ਕਰਨ ਦਾ ਬਹੁਤ ਚੰਗਾ ਤਰੀਕਾ ਹਨ।**

- ਤੁਹਾਡੀ ਅਵਾਜ਼ ਤੁਹਾਡੇ ਬੇਬੀ ਦਾ ਮਨਪਸੰਦ ਸੰਗੀਤ ਹੁੰਦਾ ਹੈ, ਇਸ ਲਈ ਉਸਨੂੰ ਗੀਤ ਸੁਣਾਓ, ਭਾਵੇਂ ਤੁਸੀਂ ਸੋਚਦੇ ਹੋ ਕਿ ਤੁਹਾਡੀ ਅਵਾਜ਼ ਚੰਗੀ ਨਹੀਂ ਹੈ। ਤੁਹਾਡਾ ਬੇਬੀ ਵਧੀਆ-ਘਟੀਆ ਦਾ ਫ਼ਰਕ ਨਹੀਂ ਕਰੇਗਾ।
- ਟੀਵੀ ਜਾਂ ਰੇਡੀਓ ਬੰਦ ਕਰ ਦਿਓ ਤਾਂ ਜੋ ਤੁਹਾਡਾ ਬੱਚਾ ਤੁਹਾਡੀ ਅਵਾਜ਼ ਸੁਣ ਸਕੇ।
- ਤੁਹਾਨੂੰ ਬੱਚਿਆਂ ਦੇ ਗੀਤ ਗਾਉਣ ਦੀ ਕੋਈ ਲੋੜ ਨਹੀਂ ਹੈ - ਇਹ ਕੋਈ ਨਵਾਂ ਗੀਤ ਵੀ ਹੋ ਸਕਦਾ ਹੈ। ਜੇ ਤੁਹਾਨੂੰ ਗੀਤ ਪਸੰਦ ਹੈ, ਤਾਂ ਤੁਹਾਡਾ ਬੱਚਾ ਵੀ ਇਸਦਾ ਆਨੰਦ ਲਵੇਗਾ।
- ਜੇ ਤੁਹਾਨੂੰ ਕੋਈ ਨਰਸਰੀ ਕਵਿਤਾਵਾਂ ਨਹੀਂ ਆਉਂਦੀਆਂ ਹਨ ਤਾਂ ਚਿੰਤਾ ਨਾ ਕਰੋ। ਉਹ ਗੀਤ ਗਾਓ ਜੋ ਤੁਹਾਨੂੰ ਆਉਂਦੇ ਹੋਣ ਅਤੇ ਕਵਿਤਾਵਾਂ ਵਾਲੀਆਂ ਕਿਤਾਬਾਂ ਜਾਂ ਟੇਪਾਂ ਉਧਾਰ ਲੈਣ ਲਈ ਲਾਇਬ੍ਰੇਰੀ ਵਿਚ ਜਾਓ।
- ਜਦੋਂ ਤੁਸੀਂ ਗੀਤ ਗਾਉਂਦੇ ਹੋ ਜਾਂ ਸੁਰ ਵਿਚ ਬੋਲਦੇ ਹੋ ਤਾਂ ਆਪਣੇ ਬੇਬੀ ਵੱਲ ਦੇਖੋ ਅਤੇ ਧਿਆਨ ਦਵੋ ਕਿ ਉਹ ਤੁਹਾਡੀ ਕਵਿਤਾ ਦੇ ਵੱਖ-ਵੱਖ ਹਿੱਸਿਆਂ 'ਤੇ ਕੀ ਪ੍ਰਤਿਕ੍ਰਿਆ ਕਰਦਾ ਹੈ। ਕੀ ਤੁਸੀਂ ਉਸਦੀਆਂ ਉਂਗਲਾਂ ਨੂੰ ਹਿੱਲਦਾ ਹੋਇਆ ਦੇਖ ਸਕਦੇ ਹੋ।
- ਬੱਚੇ ਖੇਡ-ਖੇਡ ਵਿਚ ਸਭ ਤੋਂ ਵਧੀਆ ਸਿੱਖਦੇ ਹਨ, ਇਸ ਲਈ ਗੀਤਾਂ ਅਤੇ ਕਵਿਤਾਵਾਂ ਨੂੰ ਇਕ ਖੇਡ ਬਣਾ ਦਿਓ। ਆਪਣੀ ਅਵਾਜ਼ ਦੇ ਸੁਰ ਬਦਲੋ, ਕੁਝ ਹਰਕਤਾਂ ਕਰੋ, ਜਾਂ ਆਪਣੇ ਬੱਚੇ ਦਾ ਨਾਮ ਜਾਂ ਪਰਿਵਾਰ ਅਤੇ ਦੋਸਤਾਂ ਦੇ ਨਾਮ ਸ਼ਾਮਲ ਕਰੋ।
- ਜਦੋਂ ਤੁਹਾਡਾ ਬੇਬੀ ਥੱਕਿਆ ਹੋਇਆ ਜਾਂ ਪਰੇਸ਼ਾਨ ਹੋਵੇ ਤਾਂ ਉਸਨੂੰ ਅਰਾਮ ਪਹੁੰਚਾਉਣ ਲਈ, ਹੌਲੀ-ਹੌਲੀ ਅਤੇ ਸ਼ਾਂਤੀ ਨਾਲ ਉਸਦੀ ਪਸੰਦ ਦਾ ਕੋਈ ਗੀਤ ਗਾਉਣ ਦੀ ਕੋਸ਼ਿਸ਼ ਕਰੋ।
- ਜਦੋਂ ਤੁਹਾਡਾ ਬੇਬੀ ਜਾਂ ਤੁਰਨਾ ਸਿੱਖ ਰਿਹਾ ਬੱਚਾ ਗੀਤ ਗਾਉਣ ਵਿਚ ਤੁਹਾਡੇ ਨਾਲ ਸ਼ਾਮਲ ਹੁੰਦਾ ਹੈ, ਤਾਂ ਬਹੁਤ ਸਾਰੀ ਹੱਲਾਸ਼ੇਰੀ ਦੇਕੇ ਦਿਖਾਓ ਕਿ ਤੁਸੀਂ ਉਸ ਵੱਲ ਧਿਆਨ ਦਿੱਤਾ ਹੈ।
- ਭਾਵੇਂ ਤੁਹਾਡਾ ਬੱਚਾ ਅਜੇ ਬੋਲਣਾ ਸ਼ੁਰੂ ਕਰ ਰਿਹਾ ਹੈ, ਤਾਂ ਵੀ ਗੀਤ ਜਾਂ ਕਵਿਤਾ ਬਾਰੇ ਉਸਦੀ ਪ੍ਰਤਿਕ੍ਰਿਆ ਨੂੰ ਸੁਣੋ।



© Posy Simmonds

National Literacy Trust

Talk To Your Baby